# ਵਰਕਸ਼ੀਟ

**ਹਰੇਕ ਪ੍ਰਸ਼ਨ ਦੇ ਚਾਰ ਉੱਤਰ ਦਿੱਤੇ ਗਏ ਹਨ। ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ।**

**ਪ੍ਰਸ਼ਨ-1 ਮਠਿਆਈ ਬਣਾਉਣ ਵਾਲ਼ੇ ਨੂੰ ਕੀ ਕਹਿੰਦੇ ਹਨ?**

ਉੱਤਰ- ੳ) ਦੋਧੀ ਅ) ਧੋਬੀ ੲ) ਹਲਵਾਈ ਸ) ਮੋਚੀ

**ਪ੍ਰਸ਼ਨ-2 ਜੇਕਰ ਤੁਸੀਂ ਨਵਾਂ ਘਰ ਬਣਾਉਣਾ ਹੈ, ਤਾਂ ਤੁਸੀਂ ਕਿਸ ਨੂੰ ਜਿੰਮੇਵਾਰੀ ਦਿਓਗੇ?**

ਉੱਤਰ- ੳ) ਮੋਚੀ ਨੂੰ ਅ) ਮਿਸਤਰੀ ਨੂੰ ੲ) ਹਲਵਾਈ ਨੂੰ ਸ) ਚੌਕੀਦਾਰ ਨੂੰ



Scanned with CamScanner

**ਪ੍ਰਸ਼ਨ-3 ਦੁੱਧ ਵੇਚਣ ਦਾ ਕੰਮ ਕਰਨ ਵਾਲ਼ੇ ਨੂੰ ਕੀ ਕਹਿੰਦੇ ਹਨ?**

ਉੱਤਰ- ੳ) ਮਿਸਤਰੀ ਅ) ਸਰਪੰਚ ੲ) ਦੋਧੀ ਸ) ਡਾਕਟਰ

**ਪ੍ਰਸ਼ਨ-4 ਜੇਕਰ ਤੁਸੀਂ ਬਿਮਾਰ ਹੋ ਜਾਂਦੇ ਹੋ ਤਾਂ ਦਵਾਈ ਲੈਣ ਲਈ ਕਿਸ ਕੋਲ਼ ਜਾਂਦੇ ਹੋ?**

ਉੱਤਰ- ੳ) ਡੇਰੇ ਵਾਲ਼ੇ ਸਾਧ ਕੋਲ਼ ਅ) ਚੌਂਕੀਦਾਰ ਕੋਲ਼ ੲ) ਡਾਕਟਰ ਕੋਲ਼ ਸ) ਦੋਧੀ ਕੋਲ਼

**ਪ੍ਰਸ਼ਨ-5 ਖੇਤਾਂ ਵਿੱਚ ਫਸਲਾਂ ਉਗਾਉਣ ਵਾਲ਼ਾ ਕੌਣ ਹੁੰਦਾ ਹੈ?**

ਉੱਤਰ- ੳ) ਡਾਕਟਰ ਅ) ਚੌਕੀਦਾਰ ੲ) ਦੁਕਾਨਦਾਰ ਸ) ਕਿਸਾਨ

**ਪ੍ਰਸ਼ਨ-6 ਹਸਪਤਾਲ ਵਿੱਚ ਮਰੀਜ਼ਾਂ ਦੀ ਦੇਖਭਾਲ ਦਾ ਕੰਮ ਕੌਣ ਕਰਦਾ ਹੈ?**

ਉੱਤਰ- ੳ) ਡਾਕਟਰ ਅ) ਸਫ਼ਾਈ ਸੇਵਕ ੲ) ਨਰਸ ਸ) ਮੋਚੀ

**ਪ੍ਰਸ਼ਨ-7 ਜੇਕਰ ਤੁਹਾਡੇ ਬੂਟ ਦਾ ਤਲਾ ਟੁੱਟ ਜਾਵੇ ਤਾਂ ਤੁਸੀਂ ਕੀ ਕਰੋਗੇ?**

ਉੱਤਰ- ੳ) ਨਵੇਂ ਲੈ ਕੇ ਆਓਗੇ। ਅ) ਸੁੱਟ ਦਿਓਗੇ।

ੲ) ਮੋਚੀ ਤੋਂ ਮੁਰੰਮਤ ਕਰਵਾਓਗੇ। ਸ) ਨੰਗੇ ਪੈਰ ਰਹੋਗੇ।

**ਪ੍ਰਸ਼ਨ-8 ਕੱਪੜਿਆਂ ਦੀ ਸਿਲਾਈ ਦਾ ਕੰਮ ਕੌਣ ਕਰਦਾ ਹੈ?**

ਉੱਤਰ- ੳ) ਮੋਚੀ ਅ) ਦਰਜ਼ੀ ੲ) ਮਿਸਤਰੀ ਸ) ਦੁਕਾਨਦਾਰ

**ਪ੍ਰਸ਼ਨ-9 ਜਹਾਜ਼ ਉਡਾਉਣ ਵਾਲ਼ੇ ਨੂੰ ਕੀ ਕਹਿੰਦੇ ਹਨ?**

ਉੱਤਰ- ੳ) ਪਾਇਲਟ ਅ) ਡਰਾਈਵਰ ੲ) ਘੋੜ-ਸਵਾਰ ਸ) ਮਕੈਨਿਕ

**ਪ੍ਰਸ਼ਨ-10 ਅਧਿਆਪਕ ਦਾ ਕੀ ਕੰਮ ਹੈ?**

ਉੱਤਰ- ੳ) ਬੱਚਿਆਂ ਨੂੰ ਪੜ੍ਹਾਉਣਾ ਅ) ਬੱਚਿਆਂ ਨੂੰ ਕੁੱਟਣਾ ੲ) ਕਾਰ ਚਲਾਉਣਾ ਸ) ਮੋਬਾਈਲ 'ਤੇ ਖੇਡਣਾ

**ਪ੍ਰਸ਼ਨ-11 ਅਖਾੜੇ ਵਿੱਚ ਗਾਣੇ ਕੌਣ ਗਾਉਂਦਾ ਹੈ?**

ਉੱਤਰ- ੳ) ਗੀਤਕਾਰ ਅ) ਗਾਇਕ ੲ) ਕਵੀ ਸ) ਸੰਗੀਤਕਾਰ

**ਪ੍ਰਸ਼ਨ-12 ਪਿੰਡ ਦੀ ਰਾਖੀ ਦੀ ਜਿੰਮੇਵਾਰੀ ਕਿਸ ਦੀ ਹੁੰਦੀ ਹੈ?**

ਉੱਤਰ- ੳ) ਸਰਪੰਚ ਦੀ ਅ) ਨੰਬਰਦਾਰ ਦੀ ੲ) ਚੌਂਕੀਦਾਰ ਦੀ ਸ) ਕਿਸੇ ਦੀ ਵੀ ਨਹੀਂ

Scanned with CamScanner